**ਦਫਤਰ ਚੇਅਰਮੈਨ-ਕਮ-ਪ੍ਰਮੁੱਖ ਸਕੱਤਰ, ਪੰਜਾਬ ਸਕੂਲ ਸਿੱਖਿਆ ਵਿਭਾਗ, ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, (ਮਾਈਕਰੋਸਾਫਟ ਬਿਲਡਿੰਗ) ਫੇਸ-3ਬੀ-1,ਮੁਹਾਲੀ।**

ਪਬਲਿਕ ਨੋਟਿਸ

5178 ਪੇਂਡੂ ਸਹਿਯੋਗੀ ਅਧਿਆਪਕਾਂ ਦੀ ਭਰਤੀ ਦੀ ਪ੍ਰਕਿਰਿਆ ਮੁਕੰਮਲ ਕਰਨ ਉਪਰੰਤ ਯੋਗ ਉਮੀਦਵਾਰਾਂ ਦੀ ਵਿਸਾਵਾਰ ਮੈਰਿਟ ਲਿਸਟ, ਨਿਯੁਕਤੀ ਆਫਰ ਕੀਤੇ ਜਾ ਰਹੇ ਉਮੀਦਵਾਰਾਂ ਦੀ ਲਿਸਟ, ਵਿਭਾਗ ਦੀ ਵੈਬਸਾਈਟ www. educationrecruitmentboard .com ਤੇ ਅਪਲੋਡ ਕਰ ਦਿੱਤੀ ਗਈ ਹੈ।ਇਸ ਭਰਤੀ ਸਬੰਧੀ ਹੇਠ ਲਿਖੀਆਂ ਸਰਤਾਂ ਹਨ :

ਸਰਤਾਂ

1. **ਇਸ ਭਰਤੀ ਸਬੰਧੀ ਕੋਈ ਵੇਟਿੰਗ ਲਿਸਟ ਨਹੀਂ ਹੋਵੇਗੀ। ਵਿਭਾਗ ਵਲੋ ਆਪਣੀ ਵੈਬਸਾਈਟ** www. educationrecruitmentboard .com **ਉਪਰ ਦੋ ਲਿਸਟਾਂ ਅਪਲੋਡ ਕੀਤੀਆਂ ਜਾ ਰਹੀਆਂ ਹਨ ਪਹਿਲੀ ਲਿਸਟ ਵਿੱਚ ਸਾਰੇ ਉਮੀਦਵਾਰਾਂ ਦੀ ਮੈਰਿਟ ਲਿਸਟ ਅਤੇ ਦੂਜੀ ਵਿੱਚ ਜਿਨ੍ਹਾ ਉਮੀਦਵਾਰਾਂ ਨੂੰ ਨਿਯੁਕਤੀ ਆਫਰ ਕੀਤੀ ਜਾ ਰਹੀ ਹੈ ਤੇ ਨਾਂ ਸਾਮਿਲ ਹਨ ।**
2. ਜਿਹੜੇ ਉਮੀਦਵਾਰਾਂ ਨੂੰ ਇੱਕ ਤੋ ਵੱਧ ਵਿਸ਼ਿਆ ਵਿੱਚ ਨਿਯੁਕਤੀ ਆਫਰ ਕੀਤੀ ਜਾ ਰਹੀ ਹੈ,ਉਹਨਾਂ ਉਮੀਦਵਾਰਾਂ ਨੂੰ ਮਿਤੀ 29/10/2014 ਤੱਕ ਸਵੈ-ਘੋਸਣਾ ਪੱਤਰ ਸਿੱਖਿਆ ਭਰਤੀ ਬੋਰਡ, ਸ.ਮਾ.ਸ.ਸਕੂਲ ਮਾਈਕਰੋਸਾਫਟ ਬਿਲਡਿੰਗ, ਫੇਸ-3ਬੀ-1,ਮੁਹਾਲੀ ਵਿਖੇ ਦੇਣਾ ਪਵੇਗਾ ਕਿ ਉਸ ਉਮੀਦਵਾਰ ਨੇ ਕਿਸ ਵਿਸ਼ੇ ਦੀ ਆਸਾਮੀ ਤੇ ਹਾਜ਼ਰ ਹੋਣਾ ਚਾਹੁੰਦਾ/ਚਾਹੁੰਦੀ ਹੈ।ਜੇਕਰ ਉਸ ਉਮੀਦਵਾਰ ਵੱਲੋਂ ਸਮੇਂ ਸਿਰ ਸਵੈ-ਘੋਸਣਾ ਪੱਤਰ ਨਹੀਂ ਦਿੱਤਾ ਤਾਂ ਉਸ ਦੀ ਨਿਯੁਕਤੀ ਹਾਇਰ ਮੈਰਿਟ ਵਾਲੇ ਵਿਸੇ ਵਿੱਚ ਕਰ ਦਿੱਤੀ ਜਾਵੇਗੀ ਅਤੇ ਦੂਸਰੇ ਵਿਸ਼ੇ ਦੀ ਅਸਾਮੀ ਅਗਲੀ ਮੈਰਿਟ ਵਾਲੇ ਉਮੀਦਵਾਰ ਨੂੰ ਦੇ ਦਿੱਤੀ ਜਾਵੇਗੀ। ਸਵੈ ਘੋਸਣਾ ਦਾ ਨਮੂਨਾ ਨਾਲ ਨੱਥੀ ਹੈ।
3. ਖਾਲੀ ਅਸਾਮੀਆਂ ਦੀ ਲਿਸਟ ਵਿਭਾਗ ਦੀ ਵੈਬਸਾਈਟ ਤੇ ਉਪਲੱਬਧ ਕਰਵਾਈ ਜਾਵੇਗੀ। ਜਿਹੜੇ ਉਮੀਦਵਾਰਾਂ ਨੂੰ ਨਿਯੁਕਤੀ-ਆਫਰ ਕੀਤੀ ਜਾ ਰਹੀ ਹੈ,ਉਹਨਾਂ ਨੂੰ ਨਿਰੋਲ ਮੈਰਿਟ ਦੇ ਆਧਾਰ ਤੇ ਵੈਬਸਾਈਟ ਉਪਰ ਦਰਸਾਈਆਂ ਅਸਾਮੀਆਂ ਵਿੱਚੋਂ ਉਹਨਾਂ ਦੀ ਆਪਸਨ ਅਨੁਸਾਰ ਸਟੇਸਨ ਅਲਾਟ ਕੀਤਾ ਜਾਵੇਗਾ।
4. ਜਿਹੜੇ ਉਮੀਦਵਾਰਾਂ ਦੀ ਕੋਰਟ ਕੇਸ ਹੋਣ ਕਰਕੇ (ਪ੍ਰੋਵੀਜਨਲ ਤੌਰ ਤੇ) ਦਸਤਾਵੇਜਾਂ ਦੀ ਸਕਰੂਟਨੀ ਕੀਤੀ ਗਈ ਹੈ, ਨੂੰ ਕੋਰਟ ਦੇ ਅੰਤਿਮ ਫੈਸਲੇ ਅਨੁਸਾਰ ਵਿਚਾਰਿਆ ਜਾਵੇਗਾ।

ਜਿਹੜੇ ਉਮੀਦਵਾਰਾਂ ਨੇ ਵੱਖ ਵੱਖ ਵਿਸਿਆਂ ਅਤੇ ਵੱਖ ਵੱਖ ਕੈਟਾਗਰੀਆਂ ਅਧੀਨ ਕੋਰਟ ਕੇਸ ਕੀਤੇ ਹੋਏ ਉਹਨਾਂ ਉਮੀਦਵਾਰਾਂ ਲਈ ਕੋਰਟ ਦੇ ਫੈਸਲੇ ਅਨੁਸਾਰ ਅਸਾਮੀਆਂ ਖਾਲੀ ਰੱਖੀਆਂ ਗਈਆਂ ਹਨ।

5. ਜਿਹੜੇ ਸਬੰਧਤਾਂ ਨੂੰ ਨਿਯੁਕਤੀ ਆਫਰ ਕੀਤੀ ਜਾ ਰਹੀ ਹੈ ਉਹਨਾਂ ਨੂੰ ਉਹਨਾਂ ਦੀ ਮੈਰਿਟ ਅਨੁਸਾਰ ਨਿਰਪੱਖ ਮੌਕਾ ਦਿੰਦੇ ਹੋਏ ਵਕੈਂਸੀ ਪੁਜੀਸਨ ਦੇ ਅਧਾਰ ਤੇ ਸਟੇਸਨ ਅਲਾਟ ਕਰਨ ਉਪਰੰਤ ਭਰਤੀ ਦੀ ਪ੍ਰਕਿਰਿਆ 6 ਹਫਤੇ ਤੋਂ ਬਾਅਦ ਮੁਕੰਮਲ ਤੌਰ ਤੇ ਬੰਦ ਕਰ ਦਿੱਤੀ ਜਾਵੇਗੀ।

6. ਉਪਰੋਕਤ ਮੈਰਿਟ ਲਿਸਟ ਵਿੱਚੋਂ 6 ਹਫਤਿਆਂ ਤੋਂ ਬਾਅਦ ਜੇਕਰ ਕੋਈ ਅਸਾਮੀ ਖਾਲੀ ਰਹਿ ਜਾਂਦੀ ਹੈ ਤਾਂ ਉਸ ਨੂੰ ਨਵੇਂ ਸਿਰਿਆਂ ਦੁਬਾਰਾ ਵਿਗਿਆਪਤ ਕੀਤਾ ਜਾਵੇਗਾ ਅਤੇ ਖਾਲੀ ਅਸਾਮੀਆਂ ਨੂੰ ਭਰਨ ਲਈ ਨਿਰਧਾਰਿਤ ਵਿਧੀ ਅਪਣਾਉਂਦੇ ਹੋਏ ਅਗਲੀ ਕਾਰਵਾਈ ਕੀਤੀ ਜਾਵੇਗੀ।

7. ਉਮੀਦਵਾਰਾਂ ਦੀ ਚੋਣ ਤੋ ਬਾਅਦ ਉਮੀਦਵਾਰਾਂ ਵੱਲੋ ਦਿੱਤੇ ਗਏ ਸਰਟੀਫਿਕੇਟਾ ਦੀ ਉਮੀਦਵਾਰ ਦੇ ਖਰਚੇ ਤੇ ਵੈਰੀਫਿਕੇਸਨ ਛੇ ਮਹੀਨੇ ਵਿੱਚ ਕਰਵਾਈ ਜਾਵੇਗੀ।ਅਗਰ ਵੈਰੀਫਿਕੇਸਨ ਕਰਨ ਉਪਰੰਤ ਕਿਸੇ ਵੀ ਉਮੀਦਵਾਰ ਦਾ ਸਰਟੀਫਿਕੇਟ ਜਾਅਲੀ ਪਾਇਆ ਜਾਂਦਾ ਹੈ ਤਾ ਉਸ ਉਮੀਦਵਾਰ ਦੀ ਨਿਯੁਕਤੀ ਰੱਦ ਕੀਤੀ ਜਾਵੇਗੀ ਅਤੇ ਉਸ ਵਿਰੁੱਧ FIR ਦਰਜ ਕਰਵਾਈ ਜਾਵੇਗੀ।

8. ਜਿਹੜੇ ਉਮੀਦਵਾਰਾਂ ਨੂੰ ਵਿਭਾਗ ਵੱਲੋਂ ਨਿਯੁਕਤੀ ਆਫਰ ਕੀਤੀ ਜਾ ਰਹੀ ਹੈ ਉਹਨਾਂ ਨੂੰ 15 ਦਿਨਾਂ ਦੇ ਅੰਦਰ ਅੰਦਰ ਵਿਭਾਗ ਦੀ ਵੈਬਸਾਈਟ ਤੇ ਉਪਲੱਬਧ ਆਫਰ ਲੈਟਰ ਭਰ ਕੇ ਸਿੱਖਿਆ ਭਰਤੀ ਬੋਰਡ, ਸ.ਮਾ.ਸ.ਸਕੂਲ ਮਾਈਕਰੋਸਾਫਟ ਬਿਲਡਿੰਗ, ਫੇਸ-3ਬੀ-1, ਮੁਹਾਲੀ ਵਿਖੇ ਦੇਣਾ ਪਵੇਗਾ। ਜਿਹੜੇ ਉਮੀਦਵਾਰ ਆਫਰ ਨਿਯੁਕਤੀ ਆਫਰ ਲੈਟਰ ਜਮਾਂ ਨਹੀਂ ਕਰਵਾਉਣਗੇ ਉਹਨਾਂ ਦੀ ਨਿਯੁਕਤੀ ਰੱਦ ਕਰਕੇ ਅਗਲੇ ਹਾਇਰ ਮੈਰਿਟ ਵਾਲੇ ਉਮੀਦਵਾਰ ਨੂੰ ਨਿਯੁਕਤੀ ਆਫਰ ਕੀਤੀ ਜਾਵੇਗੀ। ਨਮੂਨਾ ਨੱਥੀ ਹੈ

ਚੇਅਰਪਰਸਨ ਸਿੱਖਿਆ ਭਰਤੀ ਬੋਰਡ-ਕਮ-
ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ ਪੰਜਾਬ।

# ਨਿਯੁਕਤੀ ਲਈ ਸਵੀਕਾਰਤਾ ਪੱਤਰ

ਸਵੈ - ਤਸਦੀਕਸ਼ੁਦਾ ਫੋਟੋ

ਮੈਂ________________ਪੁੱਤਰੀ/ਪੁੱਤਰ/ਪਤਨੀ ਸ੍ਰੀ______________ਵਾਸੀ ਮਕਾਨ ਨੰ:

__________ਪਿੰਡ ਤੇ ਡਾਕਖਾਨਾ ______________ਜਿਲ੍ਹਾ_____________ ਮੋਬਾਇਲ ਨੰ

_____________ਹੇਠ ਲਿਖੇ ਅਨੁਸਾਰ ਸਵੀਕਾਰ ਕਰਦਾ/ਕਰਦੀ ਹਾਂ :-

1. ਮੈਂ ਕਿ 5178 ਪੇਂਡੂ ਸਹਿਯੋਗੀ ਅਧਿਆਪਕਾਂ ਦੀ ਭਰਤੀ ਸਬੰਧੀ ਵਿਭਾਗ ਵੱਲੋਂ ਮਿਤੀ 09-09-2012 ਨੂੰ ਦਿੱਤੇ ਗਏ ਵਿਗਿਆਪਨ ਦੇ ਸਬੰਧ ਵਿੱਚ _____________ਅਸਾਮੀ ਅਤੇ_________ਕੈਟਾਗਰੀ ਲਈ ਅਪਲਾਈ ਕੀਤਾ ਸੀ।

2. ਕਿ ਮੈਂ ਘੋਸ਼ਣਾ ਕਰਦਾ/ਕਰਦੀ ਹਾਂ ਕਿ ਮੇਰਾ ਨਾਮ _________ ਵਿਸ਼ੇ ਦੀ ਅਸਾਮੀ ਲਈ (ਰਜਿਸਟ੍ਰੇਸ਼ਨ ਨੰ :_________ ਲੜੀ ਨੰ______ ਕੈਟਾਗਰੀ ________)ਵਿਚਾਰਿਆ ਜਾਵੇ ।

ਕਿ ਮੇਰਾ ਉਪਰੋਕਤ ਨਿਯੁਕਤੀ ਸਵੀਕਾਰਤਾ ਪੱਤਰ ਸਹੀ-ਵਾ-ਦਰੁਸਤ ਹੈ। ਇਸ ਵਿੱਚ ਮੈਂ ਕੋਈ ਵੀ ਗਲਤ ਬਿਆਨੀ ਨਹੀਂ ਕੀਤੀ ਅਤੇ ਨਾਂ ਹੀ ਕਿਸੇ ਤੱਥ ਨੂੰ ਛੁਪਾਇਆ ਗਿਆ ਹੈ।

ਮਿਤੀ :-

ਬਿਆਨ-ਕਰਤਾ

(ਉਮੀਦਵਾਰ ਦੇ ਹਸਤਾਖਰ)

# ਸਵੈ-ਘੋਸ਼ਣਾ ਪੱਤਰ

| |
|---|
| ਸਵੈ - ਤਸਦੀਕਸ਼ੁਦਾ ਫੋਟੋ |

ਮੈਂ_______________ਪੁੱਤਰੀ/ਪੁੱਤਰ/ਪਤਨੀ ਸ੍ਰੀ______________ਵਾਸੀ ਮਕਾਨ ਨੰ: _____ ਪਿੰਡ ਤੇ ਡਾਕਖਾਨਾ ____________ਜਿਲ੍ਹਾ_______ਮੋਬਾਇਲ ਨੰ ____________ਹੇਠ ਲਿਖੇ ਅਨੁਸਾਰ ਘੋਸ਼ਣਾ ਕਰਦਾ/ਕਰਦੀ ਹਾਂ :-

1. ਮੈਂ ਕਿ 5178 ਪੇਂਡੂ ਸਹਿਯੋਗੀ ਅਧਿਆਪਕਾਂ ਦੀ ਭਰਤੀ ਸਬੰਧੀ ਵਿਭਾਗ ਵੱਲੋਂ ਮਿਤੀ 09-09-2012 ਨੂੰ ਦਿੱਤੇ ਗਏ ਵਿਗਿਆਪਨ ਦੇ ਸਬੰਧ ਵਿੱਚ ____________ਵਿਸ਼ੇ ਦੀ ਅਸਾਮੀ ਲਈ ________ਕੈਟਾਗਰੀ ਅਤੇ ____________ਵਿਸ਼ੇ ਦੀ ਅਸਾਮੀ ਲਈ ________ਕੈਟਾਗਰੀ ਲਈ ਅਪਲਾਈ ਕੀਤਾ ਸੀ।

2. ਕਿ ਵਿਭਾਗ ਵੱਲੋਂ ਵੈਬਸਾਈਟ ਤੇ ਉਪਲੱਬਧ ਕਰਵਾਈ ਗਈ ਮੈਰਿਟ ਲਿਸਟ ਵਿੱਚ ਮੇਰਾ ਨਾਮ ________ ਵਿਸ਼ੇ ਦੀ ਅਸਾਮੀ ਲਈ (ਰਜਿਸਟ੍ਰੇਸ਼ਨ ਨੰ :________ਲੜੀ ਨੰ______ ਕੈਟਾਗਰੀ _______)ਅਤੇ ____________ ਵਿਸ਼ੇ ਦੀ ਅਸਾਮੀ ਲਈ (ਰਜਿਸਟ੍ਰੇਸ਼ਨ ਨੰ :________ ਲੜੀ ਨੰ______ ਕੈਟਾਗਰੀ _______) ਨਿਯੁਕਤੀ ਆਫਰ ਕੀਤੇ ਜਾ ਰਹੇ ਯੋਗ ਉਮੀਦਵਾਰਾਂ ਦੀ ਲਿਸਟ ਵਿੱਚ ਦਰਜ ਹੈ।

3. ਕਿ ਮੈਂ ਘੋਸ਼ਣਾ ਕਰਦਾ/ਕਰਦੀ ਹਾਂ ਕਿ ਮੇਰਾ ਨਾਮ ________ ਵਿਸ਼ੇ ਦੀ ਅਸਾਮੀ ਲਈ (ਰਜਿਸਟ੍ਰੇਸ਼ਨ ਨੰ :________ ਲੜੀ ਨੰ______ ਕੈਟਾਗਰੀ _______)ਵਿਚਾਰਿਆ ਜਾਵੇ ਅਤੇ ________ ਵਿਸ਼ੇ ਦੀ ਅਸਾਮੀ ਲਈ (ਰਜਿਸਟ੍ਰੇਸ਼ਨ ਨੰ :________ ਲੜੀ ਨੰ______ ਕੈਟਾਗਰੀ _______) ਦਰਸਾਇਆ ਗਿਆ ਹੈ ਨੂੰ ਨਾਂ ਵਿਚਾਰਿਆ ਜਾਵੇ।

4. ਕਿ ਇਸ ਸਬੰਧੀ ਮੈਨੂੰ ਕੋਈ ਵੀ ਇਤਰਾਜ ਨਹੀਂ ਹੈ ਅਤੇ ਨਾ ਹੀ ਮੈਂ ਇਸ ਸਬੰਧ ਵਿੱਚ ਭਵਿੱਖ ਵਿੱਚ ਕੋਈ ਲਿਖਾ-ਪੜ੍ਹੀ ਕਰਗਾਂ/ਕਰਾਂਗੀ।

5. ਕਿ ਮੈਂ __________________ਵਿਸ਼ੇ ਦੀ ਅਸਾਮੀ (ਰਜਿਸਟ੍ਰੇਸ਼ਨ ਨੰ :_________ਲੜੀ ਨੰ______ ਕੈਟਾਗਰੀ _______) ਲਈ ਆਪਣੀ ਉਮੀਦਵਾਰੀ ਨਾ ਵਿਚਾਰੇ ਜਾਣ ਸਬੰਧੀ ਜੋ ਸਵੈ-ਘੋਸ਼ਣਾ ਪੱਤਰ ਦੇ ਰਿਹਾ/ਰਹੀ ਹਾਂ। ਉਸ ਵਿੱਚ ਗਲਤ ਜਾਣਕਾਰੀ ਦਿੱਤੇ ਜਾਣ ਕਾਰਨ ਮੈਂ ਖੁੱਦ ਜਿੰਮੇਵਾਰ ਹੋਵਾਂਗਾ/ਹੋਵਾਂਗੀ।

ਕਿ ਮੇਰਾ ਉਪਰੋਕਤ ਸਵੈ ਘੋਸ਼ਣਾ ਸਹੀ-ਵਾ-ਦਰੁਸਤ ਹੈ। ਇਸ ਵਿੱਚ ਮੈਂ ਕੋਈ ਵੀ ਬਿਆਨੀ ਨਹੀਂ ਕੀਤੀ ਅਤੇ ਨਾਂ ਹੀ ਕਿਸੇ ਤੱਥ ਨੂੰ ਛੁਪਾਇਆ ਗਿਆ ਹੈ।

ਮਿਤੀ :-

ਬਿਆਨ-ਕਰਤਾ

(ਉਮੀਦਵਾਰ ਦੇ ਹਸਤਾਖਰ)